ਪੰਜਾਬ ਸਰਕਾਰ,

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-7 ਸਾਖਾ)

**ਨੋਟੀਫਿਕੇਸ਼ਨ**

9 ਅਗਸਤ, 2011

ਨੰ: ਜੀ.ਐਸ.ਆਰ.58/ਕੰਸਟ/ਆਰਟ309/ਅਮੈਂਡ.(1)/2011- ਭਾਰਤ ਦੇ ਸੰਵਿਧਾਨ ਦੇ ਆਰਟੀਕਲ 309 ਦੇ ਉਪਬੰਧ ਦੇ ਅਧਿਕਾਰ ਦੀ ਵਰਤੋਂ ਅਤੇ ਇਸ ਸਬੰਧ ਵਿੱਚ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾਂ ਪੂਰਵਕ ਹੇਠ ਲਿਖੇ ਨਿਯਮ ਪੰਜਾਬ ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਹੋਮਿਓਪੈਥਿਕ ਸਿਸਟਮ ਆਫ ਮੈਡੀਸ਼ਨ ਗਰੁੱਪ''ਸੀ'') (ਤਕਨੀਕੀ) ਸੇਵਾ ਨਿਯਮ 2001 ਵਿੱਚ ਅਗਲੇਰੀ ਸੋਧ ਕਰਦੇ ਹੋਏ ਬਣਾਏ ਜਾਂਦੇ ਹਨ, ਅਰਥਾਤ :-

**ਨਿਯਮ**

1 **ਸੰਖੇਪ ਨਾਮ, ਸ਼ੁਰੂਆਤ ਅਤੇ ਲਾਗੂ ਹੋਣਾ** - (1) ਇਨ੍ਹਾਂ ਨਿਯਮਾਂ ਨੂੰ ਪੰਜਾਬ ਸਿਹਤ ਤੇ ਪਰਿਵਾਰ ਭਲਾਈ (ਹੋਮਿਓਪੈਥਿਕ ਸਿਸਟਮ ਆਫ ਮੈਡੀਸਨ ਗਰੁੱਪ''ਸੀ'') (ਤਕਨੀਕੀ) (ਪਹਿਲੀ ਸੋਧ) ਸੇਵਾ ਨਿਯਮ, 2011 ਕਿਹਾ ਜਾਵੇਗਾ।

(2) ਇਹ ਨਿਯਮ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਅਤੇ ਇਸ ਤੋਂ ਬਾਅਦ ਦੀ ਮਿਤੀ ਤੋਂ ਲਾਗੂ ਹੋਣਗੇ ।

2 ਪੰਜਾਬ ਸਿਹਤ ਤੇ ਪਰਿਵਾਰ ਭਲਾਈ (ਹੋਮਿਓਪੈਥਿਕ ਸਿਸਟਮ ਆਫ ਮੈਡੀਸਨ ਗਰੁੱਪ''ਸੀ'') (ਤਕਨੀਕੀ) ਸੇਵਾ ਨਿਯਮ 2001 ਦੇ ਅਨੁੱਲਗ ਬੀ ਵਿੱਚ ਹੇਠ ਲਿਖੇ ਅਨੁਸਾਰ ਥਾਂ ਲੇਵਾ ਹੋਵੇਗਾ:-

**ਅਨੁਲੱਗ-ਬੀ**

(ਨਿਯਮ- 6 ਵੇਖੋ)

| ਅਸਾਮੀ ਦਾ ਅਹੁਦਾ | ਨਿਯੁਕਤੀ ਲਈ ਪ੍ਰਤੀਸੱਤਤਾ ਰਾਹੀਂ | | ਨਿਯੁਕਤੀ ਲਈ ਯੋਗਤਾ ਅਤੇ ਤਜਰਬਾ | |
|---|---|---|---|---|
| | ਤਰੱਕੀ | ਸਿੱਧੀ ਨਿਯੁਕਤੀ | ਤਰੱਕੀ | ਸਿੱਧੀ ਨਿਯੁਕਤੀ |
| ਹੋਮਿਓਪੈਥਿਕ ਡਿਸਪੈਂਸਰ | 15% | 85% | ਉਨ੍ਹਾਂ ਗਰੁੱਪ ਡੀ ਕਰਮਚਾਰੀਆਂ ਵਿੱਚੋ ਜਿੰਨਾਂ ਨੇ:- (1) ਦੱਸਵੀ ਦਾ ਇਮਤਿਹਾਨ ਪਾਸ ਕੀਤਾ ਹੋਵੇ ਅਤੇ (2) ਵਿਭਾਗ ਦੇ ਮੁੱਖੀ ਵੱਲੋ ਲਿਆ ਗਿਆ ਵਿਭਾਗੀ ਇਮਤਿਹਾਨ ਪਾਸ ਕੀਤਾ | (1) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਦੂਜੀ ਸ਼੍ਰੇਣੀ ਵਿੱਚ ਦਸਵੀਂ ਜਾਂ ਸੀਨੀਅਰ ਸੈਕੰਡਰੀ ਭਾਗ-2 ਪਾਸ ਹੋਣੀ ਚਾਹੀਦੀ ਹੈ। (2) ਰਜਿਸਟਰਡ ਮੈਡੀਕਲ ਪ੍ਰੈਕਟੀਸਨਰ ਪੰਜਾਬ ਅਧੀਨ ਹੋਮਿਓਪੈਥਿਕ ਡਿਸਪੈਸਰ ਜਾਂ ਕੰਪਾਊਡਰ ਦਾ ਤਿੰਨ ਸਾਲ ਦਾ ਤਜਰਬਾ |

| | | | | |
|---|---|---|---|---|
| | | | ਹੋਵੇ। | (3) ਬੋਰਡ ਦੁਆਰਾ ਲਿਆ ਗਿਆ ਲਿਖਤੀ ਟੈਸਟ ਪਾਸ ਹੋਣਾ ਚਾਹੀਦਾ ਹੈ। |

ਸਤੀਸ਼ ਚੰਦਰਾ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ